www.jagbani.com /jagbanionline /jagbanionline /jagbanipb
ਜਗ ਬਾਣੀ

# ਹਾਰਟ ਅਟੈਕ ਅਚਾਨਕ ਨਹੀਂ ਆਉਂਦਾ, ਸਰੀਰ ਪਹਿਲਾਂ ਹੀ ਦੇਣ ਲੱਗਦਾ ਹੈ ਚਿਤਾਵਨੀ ਸੰਕੇਤ

ਨਵੀਂ ਦਿੱਲੀ, 28 ਸਤੰਬਰ (ਇੰਟ.)- ਹਾਰਟ ਅਟੈਕ ਹਮੇਸ਼ਾ ਅਚਾਨਕ ਤੇਜ਼ ਛਾਤੀ ਦੇ ਦਰਦ ਜਾਂ ਬੇਹੋਸ਼ੀ ਨਾਲ ਹੀ ਆਵੇ, ਇਹ ਜ਼ਰੂਰੀ ਨਹੀਂ ਹੈ। ਕਈ ਮਰੀਜ਼ਾਂ 'ਚ ਸਰੀਰ ਇਸ ਤੋਂ ਪਹਿਲਾਂ ਹੀ ਚਿਤਾਵਨੀ ਸੰਕੇਤ ਦੇਣ ਲੱਗਦਾ ਹੈ ਪਰ ਇਨ੍ਹਾਂ ਨੂੰ ਅਕਸਰ ਗੈਸ, ਬਦਹਜ਼ਮੀ, ਥਕਾਵਟ ਜਾਂ ਆਮ ਕਮਜ਼ੋਰੀ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਦਿਲ ਦੇ ਰੋਗਾਂ ਦੇ ਮਾਹਰਾਂ ਅਨੁਸਾਰ ਵੱਡੀ ਗਿਣਤੀ 'ਚ ਲੋਕ ਸ਼ੁਰੂਆਤੀ ਸੰਕੇਤਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਇਹੋ ਦੇਰੀ ਅੱਗੇ ਚੱਲ ਕੇ ਇਲਾਜ ਵਿਚ ਰੁਕਾਵਟ ਅਤੇ ਦਿਲ ਦੀਆਂ ਮਾਸਪੇਸ਼ੀਆਂ ਨੂੰ ਜ਼ਿਆਦਾ ਨੁਕਸਾਨ ਦਾ ਕਾਰਨ ਬਣ ਸਕਦੀ ਹੈ।



**20 ਤੋਂ 50 ਸਾਲ ਦੇ ਮਰੀਜ਼ ਵੀ ਪਹੁੰਚ ਰਹੇ ਹਨ ਹਸਪਤਾਲ:** ਕਾਰਡੀਓਲਾਜਿਸਟ ਅਨੁਸਾਰ ਹੁਣ ਘੱਟ ਉਮਰ ਦੇ ਮਰੀਜ਼ ਵੀ ਹਾਰਟ ਅਟੈਕ ਨਾਲ ਹਸਪਤਾਲ ਪਹੁੰਚ ਰਹੇ ਹਨ। ਕੋਵਿਡ ਤੋਂ ਬਾਅਦ ਹਸਪਤਾਲਾਂ ਦੀ ਓ. ਪੀ. ਡੀ. ਵਿਚ ਇਸ ਉਮਰ ਵਰਗ ਦੇ ਮਰੀਜ਼ਾਂ 'ਚ ਵਾਧਾ ਦੇਖਣ ਨੂੰ ਮਿਲਿਆ ਹੈ। ਪਹਿਲਾਂ ਜਿੱਥੇ 50 ਸਾਲਾਂ ਤੋਂ ਵੱਧ ਉਮਰ ਦੇ ਮਰੀਜ਼ਾਂ ਦਾ ਵਰਗ ਮੁੱਖ ਰੂਪ ਵਿਚ ਸਾਹਮਣੇ ਆਉਂਦਾ ਸੀ, ਉੱਥੇ ਹੁਣ 20 ਤੋਂ 50 ਸਾਲ ਦੀ ਉਮਰ ਦੇ ਲੋਕ ਵੀ ਦਿਲ ਨਾਲ ਸਬੰਧਤ ਸਮੱਸਿਆਵਾਂ ਨਾਲ ਪਹੁੰਚ ਰਹੇ ਹਨ। ਇਨ੍ਹਾਂ ਵਿਚ ਕਈ ਅਜਿਹੇ ਮਰੀਜ਼ ਵੀ ਹੁੰਦੇ ਹਨ, ਜਿਨ੍ਹਾਂ ਦਾ ਪਹਿਲਾਂ ਦਿਲ ਦੇ ਰੋਗ ਦਾ ਕੋਈ ਇਤਿਹਾਸ ਨਹੀਂ ਰਿਹਾ।

## ਛਾਤੀ ਵਿਚ ਦਰਦ ਤੋਂ ਬਿਨਾਂ ਵੀ ਮਿਲ ਸਕਦਾ ਹੈ ਅਲਰਟ

ਹਾਰਟ ਅਟੈਕ ਤੋਂ ਪਹਿਲਾਂ ਛਾਤੀ ਵਿਚ ਦਬਾਅ, ਜਕੜਨ ਜਾਂ ਭਾਰੀਪਣ ਤੋਂ ਇਲਾਵਾ ਸਾਹ ਫੁੱਲਣਾ, ਅਚਾਨਕ ਕਮਜ਼ੋਰੀ, ਠੰਢਾ ਪਸੀਨਾ, ਬੇਚੈਨੀ, ਚੱਕਰ ਅਤੇ ਉਲਟੀ ਵਰਗੇ ਲੱਛਣ ਵੀ ਸਾਹਮਣੇ ਆ ਸਕਦੇ ਹਨ। ਕਈ ਵਾਰ ਧੁੰਨੀ ਦੇ ਉੱਪਰ ਜਾਂ ਪੇਟ ਦੇ ਉੱਪਰਲੇ ਹਿੱਸੇ ਵਿਚ ਦਰਦ ਜਾਂ ਭਾਰੀਪਣ ਮਹਿਸੂਸ ਹੁੰਦਾ ਹੈ। ਦਰਦ ਖੱਬੇ ਜਾਂ ਦੋਵਾਂ ਬਾਹਾਂ, ਮੋਢੇ, ਪਿੱਠ, ਧੌਣ ਜਾਂ ਜਬੜੇ ਤੱਕ ਜਾ ਸਕਦਾ ਹੈ। ਖਾਸ ਕਰ ਕੇ ਨਵਾਂ ਜਾਂ ਅਚਾਨਕ ਸ਼ੁਰੂ ਹੋਇਆ ਲੱਛਣ ਅਤੇ ਸਰੀਰਕ ਮਿਹਨਤ ਦੌਰਾਨ ਵਧਣ ਵਾਲੀ ਪ੍ਰੇਸ਼ਾਨੀ ਨੂੰ ਸਿਰਫ ਗੈਸ ਜਾਂ ਬਦਹਜ਼ਮੀ ਮੰਨ ਕੇ ਦਵਾਈ ਲੈਣਾ ਜੋਖਮ ਭਰਿਆ ਹੋ ਸਕਦਾ ਹੈ।

## ਪਰਿਵਾਰ ਵਿਚ ਇਤਿਹਾਸ ਹੈ ਤਾਂ ਜਾਂਚ ਜ਼ਰੂਰੀ

ਘੱਟ ਉਮਰ ਵਿਚ ਹਾਰਟ ਅਟੈਕ ਦੇ ਮਾਮਲਿਆਂ ਵਿਚ ਪਰਿਵਾਰਕ ਇਤਿਹਾਸ ਵੀ ਮਹੱਤਵਪੂਰਨ ਜੋਖਮ ਕਾਰਕ ਹੋ ਸਕਦਾ ਹੈ। ਜੇ ਪਰਿਵਾਰ ਵਿਚ ਕਿਸੇ ਮੈਂਬਰ ਨੂੰ ਘੱਟ ਉਮਰ ਵਿਚ ਹਾਰਟ ਅਟੈਕ ਹੋਇਆ ਹੈ ਤਾਂ ਨਿਯਮਤ ਸਿਹਤ ਜਾਂਚ ਕਰਵਾਉਣੀ ਜ਼ਰੂਰੀ ਹੈ। ਇਸ ਨਾਲ ਬਲੱਡ ਪ੍ਰੈਸ਼ਰ, ਸ਼ੂਗਰ, ਕੋਲੈਸਟ੍ਰੋਲ ਅਤੇ ਹੋਰ ਜੋਖਮ ਕਾਰਕਾਂ ਦੀ ਸਮੇਂ ਸਿਰ ਪਛਾਣ ਕੀਤੀ ਜਾ ਸਕਦੀ ਹੈ। ਕਾਰਡੀਓਲਾਜਿਸਟ ਡਾ. ਸ਼ਸ਼ੀਮੋਹਨ ਸ਼ਰਮਾ ਅਨੁਸਾਰ, ਜਿਨ੍ਹਾਂ ਲੋਕਾਂ ਨੇ ਲੰਬੇ ਸਮੇਂ ਤੋਂ ਕਸਰਤ ਨਹੀਂ ਕੀਤੀ ਹੈ, ਉਨ੍ਹਾਂ ਨੂੰ ਅਚਾਨਕ ਭਾਰੀ ਜਿਮ ਜਾਂ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ। ਸਰੀਰ ਨੂੰ ਹੌਲੀ-ਹੌਲੀ ਕਸਰਤ ਦਾ ਆਦੀ ਬਣਾਉਣਾ ਅਤੇ ਆਪਣੀ ਸਿਹਤ ਸਥਿਤੀ ਅਨੁਸਾਰ ਗਤੀਵਿਧੀ ਤੈਅ ਕਰਨੀ ਜ਼ਰੂਰੀ ਹੈ।

## ਇਕ ਘੰਟੇ ਦੀ ਦੇਰੀ ਪੈ ਸਕਦੀ ਹੈ ਭਾਰੀ

ਮੈਡੀਕਲ ਮਾਹਰਾਂ ਮੁਤਾਬਕ ਲੱਛਣ ਸ਼ੁਰੂ ਹੋਣ ਤੋਂ ਬਾਅਦ ਸ਼ੁਰੂਆਤੀ ਸਮਾਂ ਇਲਾਜ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਦੌਰਾਨ ਇਲਾਜ ਮਿਲਣ 'ਤੇ ਦਿਲ ਦੀਆਂ ਮਾਸਪੇਸ਼ੀਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ। ਛਾਤੀ ਵਿਚ ਲਗਾਤਾਰ ਦਰਦ ਜਾਂ ਦਬਾਅ, ਸਾਹ ਲੈਣ ਵਿਚ ਪ੍ਰੇਸ਼ਾਨੀ, ਠੰਢਾ ਪਸੀਨਾ, ਅਚਾਨਕ ਕਮਜ਼ੋਰੀ ਜਾਂ ਬੇਹੋਸ਼ੀ ਵਰਗੇ ਲੱਛਣ ਹੋਣ ਤਾਂ ਤੁਰੰਤ ਐਂਬੂਲੈਂਸ ਬੁਲਾਉਣੀ ਚਾਹੀਦੀ ਹੈ। ਮਰੀਜ਼ ਨੂੰ ਖੁਦ ਗੱਡੀ ਚਲਾ ਕੇ ਹਸਪਤਾਲ ਜਾਣ ਤੋਂ ਬਚਣਾ ਚਾਹੀਦਾ ਹੈ। ਹਸਪਤਾਲ ਵਿਚ ਆਮ ਤੌਰ 'ਤੇ ਈ. ਸੀ. ਜੀ. ਅਤੇ ਜ਼ਰੂਰਤ ਅਨੁਸਾਰ ਖੂਨ ਦੀ ਜਾਂਚ ਕੀਤੀ ਜਾਂਦੀ ਹੈ।

## ਸਿਗਰਟਨੋਸ਼ੀ ਤੋਂ ਲੈ ਕੇ ਤਣਾਅ ਤੱਕ ਵਧਾਉਂਦੇ ਹਨ ਜੋਖਮ

ਨੌਜਵਾਨਾਂ ਵਿਚ ਸਿਗਰਟਨੋਸ਼ੀ ਅਤੇ ਤੰਬਾਕੂ ਤੋਂ ਇਲਾਵਾ ਹਾਈ ਬਲੱਡ ਪ੍ਰੈਸ਼ਰ, ਡਾਇਬਟੀਜ਼, ਵਧਿਆ ਹੋਇਆ ਕੋਲੈਸਟ੍ਰੋਲ, ਮੋਟਾਪਾ ਅਤੇ ਤਣਾਅ ਵਰਗੇ ਕਾਰਕ ਹਾਰਟ ਅਟੈਕ ਦਾ ਜੋਖਮ ਵਧਾ ਸਕਦੇ ਹਨ। ਘਟੀਆ ਖਾਣ-ਪੀਣ ਅਤੇ ਸਰੀਰਕ ਗਤੀਵਿਧੀ ਦੀ ਘਾਟ ਵੀ ਸਮੱਸਿਆ ਨੂੰ ਵਧਾ ਸਕਦੀ ਹੈ। ਇਸ ਲਈ ਸਿਰਫ ਉਮਰ ਘੱਟ ਹੋਣ ਦੇ ਆਧਾਰ 'ਤੇ ਦਿਲ ਨਾਲ ਸਬੰਧਤ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

# ਯੂਕ੍ਰੇਨੀ ਰਾਸ਼ਟਰਪਤੀ ਦੇ ਖੁਲਾਸੇ ਤੋਂ ਨਾਰਾਜ਼ ਹੋਇਆ ਦੱਖਣੀ ਕੋਰੀਆ, ਮੁਆਫੀ ਦੀ ਮੰਗ ਕੀਤੀ



ਸਿਓਲ, 28 ਸਤੰਬਰ (ਏਜੰਸੀ)- ਯੂਕ੍ਰੇਨ ਦੇ ਰਾਸ਼ਟਰਪਤੀ ਵੱਲੋਂ ਦੋ ਉੱਤਰੀ ਕੋਰੀਆਈ ਜੰਗੀ ਕੈਦੀਆਂ ਨੂੰ ਦੱਖਣੀ ਕੋਰੀਆ ਤਬਦੀਲ ਕੀਤੇ ਜਾਣ ਦੀ ਗੱਲ ਉਜਾਗਰ ਕੀਤੇ ਜਾਣ ਤੋਂ ਬਾਅਦ, ਦੱਖਣੀ ਕੋਰੀਆ ਨੇ ਯੂਕ੍ਰੇਨ ਤੋਂ ਅਧਿਕਾਰਤ ਮੁਆਫੀ ਦੀ ਮੰਗ ਕੀਤੀ ਹੈ।

ਦੱਖਣੀ ਕੋਰੀਆ ਦਾ ਕਹਿਣਾ ਹੈ ਕਿ ਇਸ ਤਬਾਦਲੇ ਨੂੰ ਗੁਪਤ ਰੱਖਣਾ ਤੈਅ ਹੋਇਆ ਸੀ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਪਿਛਲੇ ਹਫਤੇ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਕਿਹਾ ਸੀ ਕਿ ਯੂਕ੍ਰੇਨ ਨੇ ਹਾਲ ਹੀ ਵਿਚ ਇਨ੍ਹਾਂ ਦੋਵਾਂ ਲੋਕਾਂ ਨੂੰ ਦੱਖਣੀ ਕੋਰੀਆ ਭੇਜਿਆ ਸੀ।

ਉਨ੍ਹਾਂ ਕਿਹਾ ਸੀ ਕਿ ਯੂਕ੍ਰੇਨ ਨੇ ਇਨ੍ਹਾਂ ਨੂੰ 2025 ਦੀ ਸ਼ੁਰੂਆਤ ਵਿਚ ਯੂਕ੍ਰੇਨ-ਰੂਸ ਜੰਗ ਦੇ ਮੈਦਾਨ ਵਿਚ ਫੜਿਆ ਸੀ ਅਤੇ ਇਹ ਦੋਵੇਂ ਉਨ੍ਹਾਂ ਹਜ਼ਾਰਾਂ ਉੱਤਰੀ ਕੋਰੀਆਈ ਫੌਜੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਜੰਗ ਵਿਚ ਰੂਸ ਦੀ ਮਦਦ ਲਈ ਭੇਜਿਆ ਗਿਆ ਸੀ।

ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਿਉਂਗ ਨੇ ਯੂਕ੍ਰੇਨ 'ਤੇ ਕੈਦੀਆਂ ਦੇ ਤਬਾਦਲੇ ਨਾਲ ਜੁੜੇ ਗੁਪਤਤਾ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ। ਹਾਲਾਂਕਿ, ਯੂਕ੍ਰੇਨ ਨੇ ਅਜਿਹਾ ਕੋਈ ਸਮਝੌਤਾ ਹੋਣ ਤੋਂ ਇਨਕਾਰ ਕੀਤਾ ਹੈ। ਲੀ ਦੇ ਜਨਸੰਪਰਕ ਮਾਮਲਿਆਂ ਦੇ ਸੀਨੀਅਰ ਸਲਾਹਕਾਰ ਸਿਓਂਗ ਗੀ-ਹੋਂਗ ਨੇ ਐਤਵਾਰ ਨੂੰ ਯੂਕ੍ਰੇਨ ਦੇ ਇਸ ਹਾਲੀਆ ਕਦਮ 'ਤੇ 'ਡੂੰਘੇ ਅਫਸੋਸ' ਦਾ ਪ੍ਰਗਟਾਵਾ ਕੀਤਾ ਅਤੇ ਅਧਿਕਾਰਤ ਮੁਆਫੀ ਤੇ ਸਪੱਸ਼ਟੀਕਰਨ ਦੀ ਮੰਗ ਕੀਤੀ।

# ਹਵਾਈ ਫੌਜ ਦੇ ਅੱਡੇ 'ਤੇ ਹਮਲੇ ਦੀ ਸਾਜ਼ਿਸ਼ ਨੂੰ ਲੈ ਕੇ ਗ੍ਰਿਫ਼ਤਾਰ 5 ਲੋਕ ਬ੍ਰਿਟਿਸ਼ ਨਾਗਰਿਕ : ਬ੍ਰਿਟੇਨ

ਲੰਡਨ, 28 ਸਤੰਬਰ (ਏਜੰਸੀ)- ਬ੍ਰਿਟੇਨ ਦੀ ਅੱਤਵਾਦ ਵਿਰੋਧੀ ਪੁਲਸ (ਸੀ. ਟੀ. ਪੀ.) ਨੇ ਸੋਮਵਾਰ ਨੂੰ ਕਿਹਾ ਕਿ ਰਾਇਲ ਏਅਰ ਫੋਰਸ (ਆਰ. ਏ. ਐੱਫ.) ਅੱਡੇ 'ਤੇ ਧਮਾਕਾਖੇਜ਼ ਸਮੱਗਰੀ ਨਾਲ ਹਮਲੇ ਦੀ ਸਾਜ਼ਿਸ਼ ਦੇ ਮਾਮਲੇ 'ਚ ਅੱਤਵਾਦ ਨਾਲ ਜੁੜੇ ਦੋਸ਼ਾਂ ਨੂੰ ਲੈ ਕੇ ਗ੍ਰਿਫ਼ਤਾਰ ਕੀਤੇ ਗਏ ਸਾਰੇ 5 ਵਿਅਕਤੀ 20 ਤੋਂ 30 ਸਾਲ ਦੀ ਉਮਰ ਦੇ ਬ੍ਰਿਟਿਸ਼ ਨਾਗਰਿਕ ਹਨ।

ਦੱਖਣ-ਪੱਛਮੀ ਇੰਗਲੈਂਡ ਵਿਚ ਆਰ. ਏ. ਐੱਫ. ਫੇਅਰਫੋਰਡ ਵੱਲ ਜਾ ਰਹੀਆਂ 3 ਸ਼ੱਕੀ ਗੱਡੀਆਂ ਨੂੰ ਐਤਵਾਰ ਨੂੰ ਅਧਿਕਾਰੀਆਂ ਨੇ ਰੋਕਿਆ, ਜਿਸ ਤੋਂ ਬਾਅਦ ਸੀ. ਟੀ. ਪੀ. ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮਾਮਲੇ ਵਿਚ, ਗਲੋਸਟਰਸ਼ਾਇਰ ਦੇ ਵੈਲਫੋਰਡ ਇਲਾਕੇ 'ਚ 5 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ 'ਤੇ ਬ੍ਰਿਟਿਸ਼ ਧਮਾਕਾਖੇਜ਼ ਪਦਾਰਥ ਐਕਟ ਤਹਿਤ ਅਪਰਾਧ ਕਰਨ ਅਤੇ ਅੱਤਵਾਦ ਵਿਰੋਧੀ ਐਕਟ ਦੀ ਧਾਰਾ 5 ਤਹਿਤ, ਅੱਤਵਾਦੀ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਕਰਨ ਦਾ ਸ਼ੱਕ ਹੈ। ਸੀ.ਟੀ.ਪੀ. ਨੇ ਇਕ ਬਿਆਨ ਵਿਚ ਕਿਹਾ, "ਲੰਡਨ ਵਿਚ ਰਹਿਣ ਵਾਲੇ ਇਨ੍ਹਾਂ ਲੋਕਾਂ ਨੂੰ ਪੁਲਸ ਅਤੇ ਅਪਰਾਧਿਕ ਸਬੂਤ ਐਕਟ ਤਹਿਤ ਹਿਰਾਸਤ ਵਿਚ ਰੱਖਿਆ ਗਿਆ ਹੈ ਅਤੇ ਉਨ੍ਹਾਂ ਦੀ ਹਿਰਾਸਤ ਦੀ ਮਿਆਦ ਵਧਾ ਦਿੱਤੀ ਗਈ ਹੈ।"

# ਪਾਕਿਸਤਾਨ ਵਿਚ 3 ਪੁਲਸ ਕਰਮਚਾਰੀਆਂ ਦਾ ਕਤਲ

ਪਿਸ਼ਾਵਰ, 28 ਸਤੰਬਰ (ਏਜੰਸੀ)-ਪਾਕਿਸਤਾਨ ਦੇ ਉੱਤਰ-ਪੱਛਮੀ ਹਿੱਸੇ 'ਚ ਸੋਮਵਾਰ ਨੂੰ ਅਣਪਛਾਤੇ ਹਥਿਆਰਬੰਦਾਂ ਨੇ ਟ੍ਰੈਫਿਕ ਪੁਲਸ ਦੇ ਇਕ ਵਾਹਨ 'ਤੇ ਗੋਲੀਬਾਰੀ ਕੀਤੀ, ਜਿਸ 'ਚ ਤਿੰਨ ਪੁਲਸ ਕਰਮਚਾਰੀਆਂ ਦੀ ਮੌਤ ਹੋ ਗਈ ਅਤੇ ਦੋ ਨਾਗਰਿਕ ਜ਼ਖਮੀ ਹੋ ਗਏ। ਇਕ ਪੁਲਸ ਅਧਿਕਾਰੀ ਅਨੁਸਾਰ, ਦੱਖਣੀ ਵਜ਼ੀਰਿਸਤਾਨ ਨਾਲ ਲੱਗਦੇ ਟੈਂਕ ਜ਼ਿਲੇ ਦੇ ਵਜ਼ੀਰਾਬਾਦ ਇਲਾਕੇ ਵਿਚ ਮੋਟਰਸਾਈਕਲ ਸਵਾਰ ਹਥਿਆਰਬੰਦ ਹਮਲਾਵਰਾਂ ਨੇ ਪੁਲਸ ਵਾਹਨ 'ਤੇ ਹਮਲਾ ਕੀਤਾ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਨੇ ਪੁਲਸ ਵਾਹਨ 'ਤੇ ਗੋਲੀਬਾਰੀ ਕੀਤੀ ਅਤੇ ਫਰਾਰ ਹੋ ਗਏ। ਇਸ ਹਮਲੇ ਵਿਚ 3 ਪੁਲਸ ਕਰਮਚਾਰੀਆਂ ਦੀ ਮੌਤ ਹੋ ਗਈ, ਜਦਕਿ ਨੇੜੇ ਖੜ੍ਹੇ ਦੋ ਨਾਗਰਿਕ ਜ਼ਖਮੀ ਹੋ ਗਏ।

ਘਟਨਾ ਤੋਂ ਬਾਅਦ ਵੱਡੀ ਗਿਣਤੀ 'ਚ ਪੁਲਸ ਕਰਮਚਾਰੀ ਮੌਕੇ 'ਤੇ ਪਹੁੰਚੇ ਅਤੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ। ਪੁਲਸ ਕਰਮਚਾਰੀਆਂ ਦੀਆਂ ਲਾਸ਼ਾਂ ਅਤੇ ਜ਼ਖਮੀਆਂ ਨੂੰ ਜ਼ਿਲਾ ਹੈੱਡਕੁਆਰਟਰ ਹਸਪਤਾਲ ਪਹੁੰਚਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ।

# ਅਮਰੀਕਾ ਵਿਚ ਗੋਲੀਬਾਰੀ, 3 ਦੀ ਮੌਤ, 4 ਜ਼ਖਮੀ

ਡੇਟ੍ਰਾਇਟ, 28 ਸਤੰਬਰ (ਏਜੰਸੀ)- ਅਮਰੀਕਾ ਦੇ ਡੇਟ੍ਰਾਇਟ ਸ਼ਹਿਰ ਵਿਚ ਇਕ 'ਸਟ੍ਰਿਪ ਕਲੱਬ' (ਬਾਲਗ ਕਲੱਬ) ਵਿਚ ਝਗੜੇ ਤੋਂ ਬਾਅਦ ਐਤਵਾਰ ਸਵੇਰੇ ਹੋਈ ਗੋਲੀਬਾਰੀ ਵਿਚ 3 ਲੋਕਾਂ ਦੀ ਮੌਤ ਹੋ ਗਈ ਅਤੇ 4 ਹੋਰ ਜ਼ਖਮੀ ਹੋ ਗਏ। ਡੇਟ੍ਰਾਇਟ ਦੇ ਪੁਲਸ ਮੁਖੀ ਟੌਡ ਬੈਟਿਸਨ ਨੇ ਦੱਸਿਆ ਕਿ ਸਵੇਰੇ 7 ਵੱਜ ਕੇ 21 ਮਿੰਟ 'ਤੇ ਗੋਲੀਬਾਰੀ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਜਦੋਂ ਘਟਨਾ ਸਥਾਨ 'ਤੇ ਪਹੁੰਚੀ ਤਾਂ ਉੱਥੇ 3 ਪੁਰਸ਼ ਮ੍ਰਿਤਕ ਮਿਲੇ ਜਿਨ੍ਹਾਂ ਨੂੰ ਗੋਲੀ ਲੱਗੀ ਸੀ। ਉਨ੍ਹਾਂ ਦੱਸਿਆ ਕਿ 2 ਪੁਰਸ਼ਾਂ ਅਤੇ 2 ਔਰਤਾਂ ਸਮੇਤ 4 ਹੋਰ ਲੋਕਾਂ ਨੂੰ ਨਿੱਜੀ ਵਾਹਨਾਂ ਰਾਹੀਂ ਆਲੇ-ਦੁਆਲੇ ਦੇ ਹਸਪਤਾਲਾਂ ਵਿਚ ਲਿਜਾਇਆ ਗਿਆ ਅਤੇ ਇਨ੍ਹਾਂ 'ਚੋਂ ਕਿਸੇ ਦੀ ਵੀ ਜਾਨ ਨੂੰ ਖਤਰਾ ਨਹੀਂ ਦੱਸਿਆ ਜਾ ਰਿਹਾ ਹੈ। ਬੈਟਿਸਨ ਨੇ ਦੱਸਿਆ ਕਿ ਸਾਰੇ ਪੀੜਤਾਂ ਦੀ ਉਮਰ 20 ਤੋਂ 39 ਸਾਲ ਦੇ ਵਿਚਕਾਰ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਝਗੜਾ ਹੋਣ ਤੋਂ ਬਾਅਦ ਗੋਲੀਬਾਰੀ ਦੀ ਇਹ ਘਟਨਾ ਵਾਪਰੀ।

# ਆਸਟ੍ਰੇਲੀਆ 'ਚ ਸਮਾਂ ਤਬਦੀਲੀ 4 ਅਕਤੂਬਰ ਤੋਂ

ਮੈਲਬੌਰਨ, 28 ਸਤੰਬਰ (ਮਨਦੀਪ ਸਿੰਘ ਸੈਣੀ)-ਆਸਟ੍ਰੇਲੀਆ ਵਿਚ ਗਰਮੀ ਦੇ ਮੌਸਮ ਦੀ ਸ਼ੁਰੂਆਤ ਦੇ ਨਾਲ ਹੀ 'ਡੇਅ ਲਾਈਟ ਸੇਵਿੰਗ' ਨਿਯਮ ਅਧੀਨ 4 ਅਕਤੂਬਰ ਤੋਂ ਘੜੀਆਂ ਦਾ ਸਮਾਂ ਬਦਲਣ ਜਾ ਰਿਹਾ ਹੈ। ਐਤਵਾਰ ਤੜਕੇ ਸਵੇਰੇ 2:00 ਵਜੇ ਆਸਟ੍ਰੇਲੀਆ ਦੀਆਂ ਘੜੀਆਂ ਇਕ ਘੰਟਾ ਅੱਗੇ ਹੋ ਜਾਣਗੀਆਂ, ਜਿਸ ਨਾਲ ਸ਼ਾਮ ਦੇ ਸਮੇਂ ਜ਼ਿਆਦਾ ਚਾਨਣ ਮਿਲੇਗਾ।

ਇਹ ਤਬਦੀਲੀ ਵਿਕਟੋਰੀਆ, ਨਿਊ ਸਾਊਥ ਵੇਲਜ਼, ਤਸਮਾਨੀਆ, ਦੱਖਣੀ ਆਸਟ੍ਰੇਲੀਆ ਅਤੇ ਆਸਟ੍ਰੇਲੀਆਈ ਕੈਪੀਟਲ ਟੈਰੀਟਰੀ ਵਿਚ ਹੀ ਲਾਗੂ ਹੋਵੇਗੀ, ਜਦਕਿ ਕੁਈਨਜ਼ਲੈਂਡ, ਪੱਛਮੀ ਆਸਟ੍ਰੇਲੀਆ ਅਤੇ ਨਾਰਦਨ ਟੈਰੀਟਰੀ ਦੇ ਸਮੇਂ ਵਿਚ ਕੋਈ ਬਦਲਾਅ ਨਹੀਂ ਆਵੇਗਾ। ਇਹ ਨਵੀਂ ਸਮਾਂ ਪ੍ਰਣਾਲੀ ਅਗਲੇ ਸਾਲ 4 ਅਪ੍ਰੈਲ 2027 ਤੱਕ ਲਾਗੂ ਰਹੇਗੀ, ਜਿਸ ਤੋਂ ਬਾਅਦ ਸਰਦ ਰੁੱਤ ਦੀ ਸ਼ੁਰੂਆਤ 'ਤੇ ਘੜੀਆਂ ਮੁੜ ਸਵੇਰੇ 3:00 ਵਜੇ ਤੋਂ ਇਕ ਘੰਟਾ ਪਿੱਛੇ ਹੋ ਜਾਣਗੀਆਂ।

ਇਸ ਸਮਾਂ ਤਬਦੀਲੀ ਤੋਂ ਬਾਅਦ ਮੈਲਬੌਰਨ, ਸਿਡਨੀ, ਕੈਨਬਰਾ ਅਤੇ ਹੋਬਾਰਟ ਵਰਗੇ ਪ੍ਰਮੁੱਖ ਸ਼ਹਿਰਾਂ ਦਾ ਸਮਾਂ ਭਾਰਤੀ ਸਮੇਂ ਨਾਲੋਂ ਸਾਢੇ ਪੰਜ ਘੰਟੇ ਅੱਗੇ ਹੋ ਜਾਵੇਗਾ। ਭਾਰਤ ਨਾਲੋਂ ਉਲਟ ਮੌਸਮੀ ਚੱਕਰ ਹੋਣ ਕਰ ਕੇ ਆਸਟ੍ਰੇਲੀਆ ਵਿਚ ਇਸ ਸਮੇਂ ਗਰਮੀਆਂ ਦਾ ਆਗਾਜ਼ ਹੋ ਰਿਹਾ ਹੈ।

# ਥਾਈਲੈਂਡ ਵਿਚ ਮੀਂਹ ਰੁਕਿਆ, ਪਰ ਹਜ਼ਾਰਾਂ ਲੋਕਾਂ ਨੂੰ ਛੱਡਣਾ ਪਿਆ ਘਰ



ਬੈਂਕਾਕ, 28 ਸਤੰਬਰ (ਏਜੰਸੀ)-ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਐਤਵਾਰ ਨੂੰ ਮੀਂਹ ਰੁਕ ਗਿਆ ਪਰ ਹੇਠਲੇ ਇਲਾਕਿਆਂ ਵਿਚ ਕਈ ਥਾਵਾਂ 'ਤੇ ਹੜ੍ਹ ਦਾ ਪਾਣੀ ਜਮ੍ਹਾ ਰਿਹਾ, ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਅਸਥਾਈ ਕੈਂਪਾਂ ਵਿਚ ਜਾਣ ਲਈ ਮਜਬੂਰ ਹੋਣਾ ਪਿਆ। ਦੇਸ਼ ਭਰ ਵਿਚ ਪਿਛਲੇ 10 ਦਿਨਾਂ 'ਚ ਘੱਟੋ-ਘੱਟ 8 ਲੋਕਾਂ ਦੀ ਮੌਤ ਦੀ ਖ਼ਬਰ ਹੈ। ਲਗਾਤਾਰ ਕਈ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਾਰਨ ਬੈਂਕਾਕ ਵਿਚ ਵਿਆਪਕ ਪੱਧਰ 'ਤੇ ਹੜ੍ਹ ਆ ਗਿਆ ਹੈ ਅਤੇ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਨਾਲ ਆਵਾਜਾਈ ਅਤੇ ਕਾਰੋਬਾਰ 'ਤੇ ਵੀ ਗੰਭੀਰ ਅਸਰ ਪਿਆ ਹੈ।

ਕਈ ਇਲਾਕਿਆਂ ਵਿਚ ਕੁੱਲ ਮੀਂਹ 30 ਸੈਂਟੀਮੀਟਰ (11.8 ਇੰਚ) ਤੋਂ ਵੱਧ ਦਰਜ ਕੀਤਾ ਗਿਆ ਹੈ। ਥਾਈਲੈਂਡ ਦੇ ਮੌਸਮ ਵਿਭਾਗ ਨੇ ਕਿਹਾ ਕਿ ਐਤਵਾਰ ਨੂੰ ਵੀ ਦੇਸ਼ ਦੇ ਕਈ ਹਿੱਸਿਆਂ ਵਿਚ ਦਰਮਿਆਨੇ ਤੋਂ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ ਪਰ ਸੋਮਵਾਰ ਤੱਕ ਸਥਿਤੀ ਵਿਚ ਸੁਧਾਰ ਹੋਣ ਦੀ ਉਮੀਦ ਹੈ। ਸ਼ਹਿਰ ਵਿਚ 200 ਤੋਂ ਵੱਧ ਅਸਥਾਈ ਕੈਂਪ ਬਣਾਏ ਗਏ ਹਨ ਅਤੇ ਐਤਵਾਰ ਤੱਕ ਲੱਗਭਗ 3000 ਲੋਕ ਇਨ੍ਹਾਂ ਵਿਚ ਰਹਿ ਰਹੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ 31 ਸੜਕਾਂ ਹੁਣ ਵੀ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹਨ। ਬੈਂਕਾਕ ਦੇ ਗਵਰਨਰ ਚਾਡਚਾਰਟ ਸਿਟੀਪੁੰਟ ਨੇ ਕਿਹਾ ਕਿ ਰਾਜਧਾਨੀ ਵਿਚ ਮੀਂਹ ਘੱਟ ਗਿਆ ਹੈ ਅਤੇ ਨਗਰ ਨਿਗਮ ਦੇ ਅਧਿਕਾਰੀ ਜਲਦ ਤੋਂ ਜਲਦ ਪਾਣੀ ਕੱਢਣ ਲਈ ਕੰਮ ਕਰ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸ਼ਹਿਰ ਦੀਆਂ ਮੁੱਖ ਨਹਿਰਾਂ ਵਿਚ ਪਾਣੀ ਦਾ ਪੱਧਰ ਹੁਣ ਵੀ ਉੱਚਾ ਹੈ ਅਤੇ ਕੁਝ ਨਹਿਰਾਂ ਵਿਚ ਪਾਣੀ ਦਾ ਪੱਧਰ ਹੁਣ ਵੀ ਵਧ ਰਿਹਾ ਹੈ, ਕਿਉਂਕਿ ਆਲੇ-ਦੁਆਲੇ ਦੇ ਇਲਾਕਿਆਂ ਤੋਂ ਪਾਣੀ ਲਗਾਤਾਰ ਆ ਰਿਹਾ ਹੈ। ਚਾਡਚਾਰਟ ਨੇ ਕਿਹਾ ਕਿ ਕਈ ਹੇਠਲੇ ਇਲਾਕਿਆਂ, ਖਾਸ ਕਰ ਕੇ ਉਪਨਗਰਾਂ ਵਿਚ ਹੁਣ ਵੀ ਪਾਣੀ ਭਰਿਆ ਹੋਇਆ ਹੈ ਅਤੇ ਕਈ ਭਾਈਚਾਰਿਆਂ ਦੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣਾ ਪਿਆ ਹੈ।

# ਸਿਹਤ ਲਈ ਜੇਬ ਢਿੱਲੀ ਕਰਨ ਨੂੰ ਤਿਆਰ ਗਾਹਕ, 1.8 ਗੁਣਾ ਮਹਿੰਗਾ ਫਿਰ ਵੀ ਪ੍ਰੀਮੀਅਮ ਖਾਣ ਵਾਲਾ ਤੇਲ ਖਰੀਦ ਰਹੇ ਹਨ ਲੋਕ

ਮੁੰਬਈ/ਬੈਂਗਲੁਰੂ, 28 ਸਤੰਬਰ (ਇੰਟ.)-ਮਹਿੰਗਾਈ ਅਤੇ ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ ਦੇ ਬਾਵਜੂਦ ਸ਼ਹਿਰੀ ਪਰਿਵਾਰਾਂ ਵਿਚ ਪ੍ਰੀਮੀਅਮ ਅਤੇ ਸਿਹਤ 'ਤੇ ਕੇਂਦਰਿਤ ਖਾਣਾ ਪਕਾਉਣ ਵਾਲੇ ਤੇਲ ਦੀ ਮੰਗ ਬਣੀ ਹੋਈ ਹੈ। ਖਾਸ ਕਰ ਕੇ ਕੋਲਡ-ਪ੍ਰੈੱਸਡ ਅਤੇ ਵੁੱਡ-ਪ੍ਰੈੱਸਡ ਤੇਲ ਲੋਕਾਂ ਨੂੰ ਆਕਰਸ਼ਿਤ ਕਰ ਰਹੇ ਹਨ।

ਇਹ ਆਮ ਰਿਫਾਇੰਡ ਤੇਲਾਂ ਦੀ ਤੁਲਨਾ ਵਿਚ ਮਹਿੰਗੇ ਹੁੰਦੇ ਹਨ ਪਰ ਸਿਹਤ ਅਤੇ ਗੁਣਵੱਤਾ ਨੂੰ ਲੈ ਕੇ ਵਧਦੀ ਜਾਗਰੂਕਤਾ ਕਾਰਨ ਗਾਹਕ ਇਨ੍ਹਾਂ ਲਈ ਜ਼ਿਆਦਾ ਕੀਮਤ ਚੁਕਾਉਣ ਨੂੰ ਤਿਆਰ ਹਨ। ਕੋਲਡ-ਪ੍ਰੈੱਸਡ ਅਤੇ ਵੁੱਡ-ਪ੍ਰੈੱਸਡ ਤੇਲਾਂ ਦਾ ਬਾਜ਼ਾਰ ਅਜੇ ਛੋਟਾ ਜ਼ਰੂਰ ਹੈ ਪਰ ਤੇਜ਼ੀ ਨਾਲ ਵਧ ਰਿਹਾ ਹੈ।

ਸਾਲ 2025 ਵਿਚ ਇਸ ਦਾ ਆਕਾਰ ਲੱਗਭਗ 755 ਕਰੋੜ ਰੁਪਏ ਮਿੱਥਿਆ ਗਿਆ ਹੈ ਅਤੇ 2034 ਤੱਕ ਇਸ ਦੇ 1214 ਕਰੋੜ ਰੁਪਏ ਤੱਕ ਪਹੁੰਚਣ ਦਾ ਅਨੁਮਾਨ ਹੈ। ਕੰਪਨੀਆਂ ਦਾ ਮੰਨਣਾ ਹੈ ਕਿ ਸਿਹਤ ਅਤੇ ਬ੍ਰਾਂਡ 'ਤੇ ਭਰੋਸੇ ਕਾਰਨ ਗਾਹਕ ਇਕ ਵਾਰ ਖਰੀਦਣ ਤੋਂ ਬਾਅਦ ਦੁਬਾਰਾ ਵੀ ਇਨ੍ਹਾਂ ਨੂੰ ਖਰੀਦ ਰਹੇ ਹਨ।

## ਰਿਫਾਇੰਡ ਤੇਲ ਤੋਂ ਵੱਖਰੀ ਪ੍ਰਕਿਰਿਆ



**ਕੋਲਡ-ਪ੍ਰੈੱਸਡ** ਤੇਲ ਘੱਟ ਤਾਪਮਾਨ 'ਤੇ ਬੀਜਾਂ ਤੋਂ ਕੱਢੇ ਜਾਂਦੇ ਹਨ। ਵੁੱਡ-ਪ੍ਰੈੱਸਡ ਤੇਲ ਰਵਾਇਤੀ ਲੱਕੜ ਦੀ ਘਾਣੀ ਤੋਂ ਤਿਆਰ ਕੀਤੇ ਜਾਂਦੇ ਹਨ, ਜਦਕਿ ਕੋਲਡ-ਪ੍ਰੈੱਸਡ ਤੇਲ ਵੱਖ-ਵੱਖ ਪ੍ਰਕਾਰ ਦੀਆਂ ਪ੍ਰੈੱਸ ਮਸ਼ੀਨਾਂ ਤੋਂ ਕੱਢੇ ਜਾ ਸਕਦੇ ਹਨ। ਤੇਲ ਬੀਜ ਅਤੇ ਖੋਪਰਾ ਵਰਗੇ ਕੱਚੇ ਮਾਲ ਦੀ ਕੀਮਤ ਵਧਣ ਨਾਲ ਕੰਪਨੀਆਂ ਦੇ ਮਾਰਜਿਨ 'ਤੇ ਦਬਾਅ ਹੈ। ਕੀਮਤ ਵਧਾਉਣ 'ਤੇ ਗਾਹਕ ਦੂਰ ਹੋ ਸਕਦੇ ਹਨ, ਇਸ ਲਈ ਕੰਪਨੀਆਂ ਫਿਲਹਾਲ ਇਸ ਦਾ ਕੁਝ ਅਸਰ ਖੁਦ ਬਰਦਾਸ਼ਤ ਕਰ ਰਹੀਆਂ ਹਨ। ਹਾਲਾਂਕਿ ਕੱਚੇ ਅਤੇ ਰਿਫਾਇੰਡ ਖਾਣ ਵਾਲੇ ਤੇਲਾਂ 'ਤੇ ਇੰਪੋਰਟ ਡਿਊਟੀ ਵਿਚ ਹਾਲੀਆ ਕਮੀ ਨਾਲ ਆਮ ਤੇਲ ਸਸਤੇ ਹੋਣ ਦੀ ਸਥਿਤੀ ਵਿਚ ਪ੍ਰੀਮੀਅਮ ਤੇਲ ਅਤੇ ਆਮ ਤੇਲ ਦੇ ਵਿਚਕਾਰ ਕੀਮਤ ਦਾ ਅੰਤਰ ਵਧ ਸਕਦਾ ਹੈ।

## ਮੈਰੀਕੋ ਅਤੇ ਟਾਟਾ ਦੀ ਵੱਡੀ ਤਿਆਰੀ

ਵੱਡੇ ਖਪਤਕਾਰ ਉਤਪਾਦ ਕਾਰੋਬਾਰ ਵੀ ਇਸ ਖੇਤਰ ਵਿਚ ਤੇਜ਼ੀ ਨਾਲ ਵਿਸਥਾਰ ਕਰ ਰਹੇ ਹਨ। ਮੈਰੀਕੋ ਆਪਣੇ ਸਫੋਲਾ ਬ੍ਰਾਂਡ ਦੇ ਤਹਿਤ ਕੋਲਡ-ਪ੍ਰੈੱਸਡ ਤੇਲ 'ਤੇ ਜ਼ਿਆਦਾ ਜ਼ੋਰ ਦੇ ਰਹੀ ਹੈ। ਕੰਪਨੀ ਦੇ ਮੁੱਖ ਕਾਰਜਕਾਰੀ ਸੌਗਤ ਗੁਪਤਾ ਨੇ ਇਸ ਨੂੰ ਉੱਭਰ ਰਿਹਾ ਖਪਤਕਾਰ ਰੁਝਾਨ ਦੱਸਿਆ ਹੈ। ਉਨ੍ਹਾਂ ਦੇ ਅਨੁਸਾਰ, ਇਨ੍ਹਾਂ ਤੇਲਾਂ ਵਿਚ ਕੰਪਨੀ ਦੇ ਰਵਾਇਤੀ ਖਾਣ ਵਾਲੇ ਤੇਲ ਉਤਪਾਦਾਂ ਦੀ ਤੁਲਨਾ ਵਿਚ ਮਾਰਜਿਨ ਵੱਧ ਹੈ। ਟਾਟਾ ਕੰਜ਼ਿਊਮਰ ਪ੍ਰੋਡਕਟਸ ਨੇ ਟਾਟਾ ਸੰਪੰਨ ਦੇ ਰਾਹੀਂ ਇਸ ਬਾਜ਼ਾਰ ਵਿਚ ਪ੍ਰਵੇਸ਼ ਕੀਤਾ ਹੈ।

ਕੰਪਨੀ ਦੇ ਪ੍ਰਮੁੱਖ ਸੁਨੀਲ ਡੀਸੂਜ਼ਾ ਦੇ ਅਨੁਸਾਰ, ਰਿਫਾਇੰਡ ਅਤੇ ਕੋਲਡ-ਪ੍ਰੈੱਸਡ ਤੇਲਾਂ ਨੂੰ ਲੈ ਕੇ ਗਾਹਕਾਂ ਵਿਚ ਭਰੋਸੇ ਦੀ ਘਾਟ ਦਿਖਾਈ ਦਿੰਦੀ ਹੈ। ਟਾਟਾ ਬ੍ਰਾਂਡ ਦੇ ਰਾਹੀਂ ਇਸ ਭਰੋਸੇ ਦੀ ਘਾਟ ਨੂੰ ਦੂਰ ਕਰਨ ਅਤੇ ਕਾਰੋਬਾਰ ਦੇ ਨਾਲ ਮਾਰਜਿਨ ਵਧਾਉਣ ਦਾ ਮੌਕਾ ਦੇਖਿਆ ਜਾ ਰਿਹਾ ਹੈ। ਵਿੱਤੀ ਸਾਲ 2026 ਵਿਚ ਟਾਟਾ ਸੰਪੰਨ ਦੇ ਕੋਲਡ-ਪ੍ਰੈੱਸਡ ਤੇਲ ਕਾਰੋਬਾਰ ਦਾ ਸਾਲਾਨਾ ਰਨ ਰੇਟ ਲੱਗਭਗ 200 ਕਰੋੜ ਰੁਪਏ ਰਿਹਾ।

## ਛੋਟੀਆਂ ਕੰਪਨੀਆਂ ਨੂੰ ਵੀ ਮਿਲ ਰਿਹਾ ਫਾਇਦਾ

ਹਾਊਸ ਆਫ ਗੁਲਾਬ ਦੇ ਅਨੁਸਾਰ ਉਸ ਦਾ ਕੋਲਡ-ਪ੍ਰੈੱਸਡ ਤੇਲ ਕਾਰੋਬਾਰ ਪਿਛਲੇ ਸਾਲ ਲੱਗਭਗ 40 ਕਰੋੜ ਤੋਂ ਵਧ ਕੇ ਇਸ ਸਾਲ 70 ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ। ਅਗਲੇ ਸਾਲ 120 ਕਰੋੜ ਰੁਪਏ ਪਾਰ ਕਰਨ ਦਾ ਅਨੁਮਾਨ ਹੈ। ਇਨ੍ਹਾਂ ਤੇਲਾਂ ਦੀ ਕੀਮਤ ਆਮ ਤੇਲਾਂ ਤੋਂ ਲੱਗਭਗ 1.7 ਤੋਂ 1.8 ਗੁਣਾ ਵੱਧ ਹੈ। ਆਦਿਆ ਆਰਗੈਨਿਕਸ ਦੇ ਮੁਤਾਬਕ ਵੁੱਡ-ਪ੍ਰੈੱਸਡ ਤੇਲ ਖਰੀਦਣ ਵਾਲੇ ਗਾਹਕ ਕੀਮਤ ਵੱਧ ਹੋਣ ਦੇ ਬਾਵਜੂਦ ਦੁਬਾਰਾ ਖਰੀਦਦਾਰੀ ਕਰ ਰਹੇ ਹਨ। ਸਰ੍ਹੋਂ ਸਭ ਤੋਂ ਵੱਡੀ ਸ਼੍ਰੇਣੀ ਹੈ, ਜਿਸ ਤੋਂ ਬਾਅਦ ਮੂੰਗਫਲੀ ਤੇਲ ਦਾ ਸਥਾਨ ਹੈ।

ਆਸਟ੍ਰੇਲਿਆ ਪੀ.ਆਰ 100+ Occupation in Demand
Meet Today - 29 Sept. (2 pm to 9 pm) Hotel Palm Court, Ferozepur Road, Ludhiana
BAMS, NURSING TUTOR, NURSES, ARCHITECT, TEACHER, FARMER, ENGINEER, PRINCIPAL, MLT, HOD, LIBRARIAN, DESIGNER, CHEMIST, MANUFACTURER, HR MANAGER, LIC AGENTS, HOTEL/SALOON STAFF, IELTS TRAINERS etc.
Adarsh Enterprises
Golden Square Mall, Adj. Rishi Apartment ZIRAKPUR, Chandigarh
98761-19554, 97794-81447
Disclaimer: Visa/PR subject to eligibility & applicable immigration rules

pnb punjab national bank ...Together for the better
ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ ਲੁਧਿਆਣਾ, ਪਹਿਲੀ ਮੰਜ਼ਿਲ, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in
ਟੈਲ. : 0161-2888181, 2888182
ਵਾਧਾ
ਅਖਬਾਰਾਂ 'ਇੰਡੀਅਨ ਐਕਸਪ੍ਰੈੱਸ', 'ਜਗ ਬਾਣੀ', 'ਫਾਇਨਾਂਸ਼ੀਅਲ ਐਕਸਪ੍ਰੈੱਸ' ਤੇ 'ਜਨਸੱਤਾ' 'ਚ ਮਿਤੀ 25.09.2026 ਨੂੰ ਪ੍ਰਕਾਸ਼ਿਤ ਈ-ਨਿਲਾਮੀ ਨੋਟਿਸਾਂ ਦੇ ਸੰਦਰਭ 'ਚ, ਜੋ ਕਿ ਐੱਨ. ਪੀ. ਏ. ਅਕਾਊਂਟ-ਮੈਸਰਜ਼ ਜੇ. ਵੀ. ਸਟੀਲ ਟਰੇਡਰਜ਼ 'ਚ 03.11.2026 ਨੂੰ ਹੋਣ ਵਾਲੀ ਨਿਲਾਮੀ ਦੇ ਸਬੰਧ 'ਚ ਸਨ। ਦੱਸਿਆ ਜਾਂਦਾ ਹੈ ਕਿ ਲੜੀ ਨੰ. 10 : PUN-BJVSTEEL10 'ਤੇ ਜਾਇਦਾਦ ਦੀ ਜ਼ਮੀਨ 'ਤੇ ਹੱਦਬੰਦੀ ਨਹੀਂ ਕੀਤੀ ਗਈ ਅਤੇ ਵਿਕਰੀ ਡੀਡ ਵਿਚ ਹੱਦਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਉਕਤ ਜਾਇਦਾਦ ਦੀ ਹੱਦਬੰਦੀ/ਪਛਾਣ ਕਰਨਾ ਸਫਲ ਖਰੀਦਦਾਰ ਦੀ ਇਕਲੌਤੀ ਜ਼ਿੰਮੇਵਾਰੀ ਹੋਵੇਗੀ। ਇਸ ਤੋਂ ਇਲਾਵਾ ਲੜੀ ਨੰ. 11 : PUNBJVSTEEL11 'ਤੇ ਦੱਸੀ ਜਾਇਦਾਦ 'ਚ ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ ਵਾਲੇ ਭਾਰਾਂ ਦੇ ਵੇਰਵੇ ਵਿਚ ਇਹ ਵਾਧਾ ਕੀਤਾ ਜਾਂਦਾ ਹੈ—"ਡਾਇਰੀ ਨੰ. 2241/2026 ਰਾਹੀਂ ਐੱਸ. ਏ. (ਟਾਈਟਲ ਵਿਨੋਦ ਕੁਮਾਰ ਬਨਾਮ ਪੰਜਾਬ ਨੈਸ਼ਨਲ ਬੈਂਕ) ਨੂੰ ਮਾਣਯੋਗ ਡੀ. ਆਰ. ਟੀ. 3 ਚੰਡੀਗੜ੍ਹ ਦੇ ਸਨਮੁੱਖ 23.09.2026 ਨੂੰ ਦਾਖਲ ਕੀਤਾ ਗਿਆ ਹੈ, ਜੋ ਕਿ ਟ੍ਰਿਬਿਊਨਲ ਕੋਲ ਪੈਂਡਿੰਗ ਹੈ।" ਇਹ ਨੋਟਿਸ ਕਰਜ਼ਦਾਰਾਂ/ਗਾਰੰਟਰਾਂ/ਮਾਰਟਗੇਜਰਾਂ ਤੇ ਸੰਭਾਵਤ ਬੋਲੀਦਾਤਿਆਂ ਦੀ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।
ਮਿਤੀ : 27.09.2026
ਸਥਾਨ : ਲੁਧਿਆਣਾ
ਅਧਿਕਾਰਤ ਅਫਸਰ, ਪੰਜਾਬ ਨੈਸ਼ਨਲ ਬੈਂਕ




5" TFT ਕਨਸੋਲ ਗੂਗਲ ਮੈਪਸ ਦੇ ਨਾਲ | ਮੋਨੋਸ਼ੌਕ ਸਸਪੈਨਸ਼ਨ | ਸ਼੍ਰੇਣੀ ਵਿੱਚ ਸਭ ਤੋਂ ਵਧੀਆ LED ਹੈੱਡਲੈਂਪ | 3 ਰਾਈਡ ਮੋਡਸ
ਸ਼ੁਰੂਆਤੀ ਆਫ਼ਰ ਪਲਸਰ ਰਾਈਡਿੰਗ ਜੈਕਟ ਪ੍ਰਾਪਤ ਕਰੋ* *ਚੋਣਵੇਂ ਪਲਸਰ 150 ਮਾਡਲਾਂ 'ਤੇ ਸੀਮਤ ਸਮੇਂ ਲਈ ਪੇਸ਼ਕਸ਼। ਨਿਯਮ ਅਤੇ ਸ਼ਰਤਾਂ ਲਾਗੂ।
pulsar DEFINITELY DARING
ਸਕੈਨ ਕਰੋ
Flipkart amazon.in 'ਤੇ ਵੀ ਉਪਲਬਧ*
10 YEAR WARRANTY
BAJAJ SECURE • AMC • ROAD SIDE ASSISTANCE
72198 21111
*ਨਿਯਮ ਅਤੇ ਸ਼ਰਤਾਂ ਲਾਗੂ। ਦਰਸਾਏ ਗਏ ESRPs, 125 ਸਿੰਗਲ ਸੀਟ ਵੇਰੀਐਂਟ ਲਈ ਹਨ। ਸਟੰਟ ਮਾਹਿਰਾਂ ਦੁਆਰਾ, ਪੇਸ਼ੇਵਰ ਨਿਗਰਾਨੀ ਹੇਠ, ਨਿਯੰਤਰਿਤ ਅਤੇ ਬੰਦ ਵਾਤਾਵਰਣ ਵਿੱਚ, ਆਮ ਲੋਕਾਂ ਜਾਂ ਜਨਤਕ ਸੜਕਾਂ ਤੋਂ ਵੱਖ ਰਹਿ ਕੇ ਕੀਤੇ ਗਏ ਹਨ। ਇਨ੍ਹਾਂ ਸਟੰਟਾਂ ਨੂੰ ਦੁਹਰਾਉਣ ਦੀ ਕੋਸ਼ਿਸ਼ ਨਾ ਕਰੋ ਅਤੇ ਹਮੇਸ਼ਾ ਟ੍ਰੈਫਿਕ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰੋ। E-ਕਾਮ ਆਫ਼ਰਾਂ ਸੰਬੰਧਿਤ E-ਕਾਮ ਪਾਰਟਨਰ ਦੇ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹਨ। E-ਕਾਮ ਆਫ਼ਰਾਂ ਵੱਖ-ਵੱਖ ਪਾਰਟਨਰਾਂ ਅਨੁਸਾਰ ਬਦਲ ਸਕਦੀਆਂ ਹਨ। ਤਸਵੀਰਾਂ ਸਿਰਫ਼ ਪ੍ਰਦਰਸ਼ਨ ਦੇ ਉਦੇਸ਼ ਲਈ ਹਨ। ਅਸਲ ਰੰਗ ਵੱਖਰੇ ਹੋ ਸਕਦੇ ਹਨ।
Authorised Dealers for Bajaj Auto Ltd.: Chandigarh NDM BAJAJ 9875900911 ,9875900913 •Mohali MOHALI BAJAJ 9988817099, 9988830699 • Panchkula PANCHKULA BAJAJ 7888736753, 9115520033 • Dirba GOYAL BAJAJ 7527007893, 9356288012 • Abohar RAJA BAJAJ 9779671474 • Amritsar DOABA BAJAJ Court Road 9915011856 • Barnala GOYAL BAJAJ 9780888949, 9780888958 • Batala BABA BAJAJ 8194876161 • Bathinda RAJA BAJAJ Goniana Road 9781401137, 9781801124 Bibiwala Road 9781801124 • Faridkot RISHAB BAJAJ 9041203939 • Ferozepur BABA BAJAJ Moga Road 8559075968, 9855931888 • Gurdaspur MADAAN BAJAJ 9781629999 • Hoshiarpur RAMPA BAJAJ 9915716399 Gardiwal 9915762286• Jalandhar LOVELY BAJAJ Nakodar Chowk 9872000058 Begowal 6239357275, DADA BAJAJ BMC Chowk 8054089999, DADA BAJAJ Focal Point 8054089999, DADA BAJAJ Kartarpur 8054089999 • Jagraon PANKAJ BAJAJ 9878425416, 01624502192 • Kapurthala LOVELY BAJAJ 9915028647 • Khanna DADA BAJAJ 8054089999 • Kotkapura RISHAB BAJAJ 9888900504 • Ludhiana DADA BAJAJ Dholewal Chowk 9888833389 Rahon Rd 9888833389 Chandigarh Rd 9888833389 Gill Rd 9888833389, IMPACT BAJAJ Sherpur Chowk 9814530701 Ferozpur Rd 0161-5099620 • Malerkotla GOYAL BAJAJ 9780888913, 9780808800 • Moga PANKAJ BAJAJ 01636-504154, 7837000408 • Mansa RAJA BAJAJ 9464131846 • Mukerian RAMPA BAJAJ 01883-244301 • Muktsar RISHAB BAJAJ 9914073073 • Nangal BHAKRA BAJAJ 9815906052 • Nawanshahar RAMPA BAJAJ 9915716397, 01823-504505 • Pathankot DASHMESH MOTORS 6239162577 • Patiala GOYAL BAJAJ 9814744627, 9814768700 VS BAJAJ SIRHIND ROAD 0175-2360070, 7527007892 • Phagwara LOVELY BAJAJ 9915020540 • Rajpura RAAJ BAJAJ 9336042000 • Ropar BHAKRA BAJAJ 9815938052 • Sangrur GOYAL BAJAJ 9780888941, 9780888990 • Tarn-Taran BABA BAJAJ 9914131888, 9855931888, 9592144555 • Sunam GOYAL BAJAJ 9780888995, 9780888992.